# ਬਾਬਾ ਸ਼ਾਹ ਤਲਾਈਆਂ ਵਾਲਿਆ ਆਜਾ ਭਗਤ ਬੁਲਾਉਂਦੇ ਨੇ

ਚੜ੍ਹੀਆਂ ਨਾਮ ਤੇਰੇ ਦੀਆਂ ਲੋਰਾਂ ਦੇ ਵਿੱਚ ਭੰਗੜੇ ਪਾਉਂਦੇ ਨੇ ।
ਬਾਬਾ ਸ਼ਾਹ ਤਲਾਈਆਂ ਵਾਲਿਆ, ਆਜਾ ਭਗਤ ਬੁਲਾਉਂਦੇ ਨੇ ।
ਆਜਾ ਭਗਤ ਬੁਲਾਉਂਦੇ ਨੇ, ਦਰਸ਼ਨ ਕਰਨੇ ਚਾਹੁੰਦੇ ਨੇ,
ਬਾਬਾ ਸ਼ਾਹ ਤਲਾਈਆਂ ਵਾਲਿਆ, ਆਜਾ ਭਗਤ ਬੁਲਾਉਂਦੇ ਨੇ ।
ਆਜਾ ਸ਼ਾਹ ਤਲਾਈਆਂ ਵਾਲਿਆ, ਤੈਨੂੰ ਭਗਤ ਬੁਲਾਉਂਦੇ ਨੇ ।

ਜੁਨਾਂ ਗੜ੍ਹ ਤੋਂ ਚੱਲ ਕੇ ਸੀ ਜਦ, ਘਰ ਰਤਨੋ ਦੇ ਆਇਆ ।
ਸੋਹਣਾ ਮੁੱਖੜਾ ਦੇਖ ਕੇ ਰਤਨੋ, ਧਰਮ ਦਾ ਪੁੱਤ ਬਣਾਇਆ ॥
ਧਰਮ ਦਾ ਪੁੱਤ ਬਣਾਇਆ, ਖੁਸ਼ੀ ਮਨਾਈ ਸੀ ਮੋਰਾਂ ਨੇ,
ਬਾਬਾ/ਆਜਾ, ਸ਼ਾਹ ਤਲਾਈਆਂ ਵਾਲਿਆ, ਸਾਨੂੰ ਤੇਰੀਆਂ ਲੋੜਾਂ ਨੇ ॥

ਸ਼ਿਵ ਭੋਲੇ ਦੀ ਕੀਤੀ ਭਗਤੀ, ਹੇਠ ਬੋਹੜ ਦੇ ਬਹਿ ਕੇ ।
ਗਊਆਂ ਆਪੇ ਚਰਦੀਆਂ ਰਹੀਆਂ, ਤੇਰੇ ਹੁਕਮ 'ਚ ਰਹਿ ਕੇ ॥
ਤੇਰੇ ਹੁਕਮ 'ਚ, ਰਹਿ ਕੇ ਹੀ, ਫ਼ਰਿਆਦ ਕਰ ਰਹੀ ਆ,
ਬਾਬਾ/ਆਜਾ, ਸ਼ਾਹ ਤਲਾਈਆਂ ਵਾਲਿਆ, ਸੰਗਤ ਯਾਦ ਕਰਦੀ ਆ ॥

ਬਾਰਾਂ ਘੜ੍ਹੀਆਂ ਦਾ ਲੇਖਾ ਤੂੰ, ਬਾਰਾਂ ਸਾਲ ਚੁਕਾਇਆ ।
ਨਾ ਤੂੰ ਪੀਤੀ ਘੁੱਟ ਲੱਸੀ ਦੀ, ਅੰਨ ਨੂੰ ਮੂੰਹ ਨਾ ਲਾਇਆ ॥
ਅੰਨ ਨੂੰ ਮੂੰਹ ਨਾ ਲਾਇਆ, ਕਰਤੇ ਲੇਖੇ ਜੋਖੇ ਨੇ,
ਬਾਬਾ/ਆਜਾ, ਸ਼ਾਹ ਤਲਾਈਆਂ ਵਾਲਿਆ, ਕੇਹੜੀ ਗੱਲ ਦੇ ਰੋਸੇ ਨੇ ॥

ਆਣ ਕੇ ਸਾਡੇ ਸਾਹਮਣੇ ਬਹਿ ਜਾ, ਤੈਨੂੰ ਦੁੱਖ ਸੁਣਾਉਣੇ ।
ਨੂਰ ਅਤੇ ਗੁਰਮੇਲ ਨੇ ਤੇਰੇ, ਰੱਜ ਕੇ ਦਰਸ਼ਨ ਪਾਉਣੇ ॥
ਰੱਜ ਕੇ ਦਰਸ਼ਨ ਪਾਉਣੇ, ਤੇਰੇ ਅੱਗੇ ਦੁਹਾਈ ਆ,
ਬਾਬਾ/ਆਜਾ, ਸ਼ਾਹ ਤਲਾਈਆਂ ਵਾਲਿਆ, ਕਾਹਤੋਂ ਦੇਰ ਲਗਾਈ ਆ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33032/title/baba-shah-talayian-waleya-aaja-bhagat-bulande-ne

अपने Android मोबाइल पर BhajanGanga App डाउनलोड करें और भजनों का आनंद ले |